# ਕਾਮਰੇਡ ਗੁਰਸ਼ਰਨ ਸਿੰਘ ਦੀ ਜ਼ਿੰਦਗੀ ਦਾ ਮਕਸਦ : ਲੋਕਾਂ ਨੂੰ ਸਿਆਣੇ ਬਣਾਉਣਾ

*—ਚਰਨ ਸਿੰਘ ਵਿਰਦੀ*

ਕਾਮਰੇਡ ਗੁਰਸ਼ਰਨ ਸਿੰਘ ਹੋਰਾਂ ਦਾ ਮਕਸਦ ਲਈ ਅਣਥੱਕ ਉਦਮ ਅਤੇ ਹਠ ਮਿਸਾਲੀ ਸੀ। ਉਨ੍ਹਾਂ ਦੀ ਸਫ਼ਲ ਜੀਵਨੀ ਤੋਂ ਸਾਰੇ ਲੋਕ ਸੇਵਕ ਤੇ ਦੇਸ਼ ਸੇਵਕ ਉਨ੍ਹਾਂ ਦੇ ਇਸ ਗੁਣ ਨੂੰ ਗ੍ਰਹਿਣ ਕਰਕੇ ਆਪਣਾ-ਆਪਣਾ ਜੀਵਨ ਸਫ਼ਲ ਕਰ ਸਕਦੇ ਹਨ।

ਕਾਮਰੇਡ ਗੁਰਸ਼ਰਨ ਸਿੰਘ ਹੋਰਾਂ ਦੇ ਮਕਸਦ ਲਈ ਅਣਥੱਕ ਉਦਮ ਅਤੇ ਹਠ ਦੀ ਇਕ ਘਟਨਾ ਦਾ ਮੈਂ ਇਥੇ ਵਰਣਨ ਕਰਦਾ ਹਾਂ।

ਸਤੰਬਰ 1996 ਦੇ ਨੇੜੇ-ਤੇੜੇ ਦੀ ਗੱਲ ਹੈ। ਮੈਂ ਆਪਣੇ ਦਫ਼ਤਰ ਚੀਮਾ ਭਵਨ ਵਿਚ ਬੈਠਾ ਸੀ। ਕਾਮਰੇਡ ਗੁਰਸ਼ਰਨ ਸਿੰਘ ਹੋਰੀਂ ਆਏ। ਬਿਨਾਂ ਕੋਈ ਉਰਲੀ-ਪਰਲੀ ਗੱਲ ਕੀਤਿਆਂ ਸਿੱਧਾ ਹੀ ਕਹਿਣ ਲੱਗੇ ਕਿ ਮੈਂ ਥੋਡੇ ਕੋਲ ਇਕ ਜ਼ਰੂਰੀ ਕੰਮ ਆਇਆਂ, ਜਿਹੜਾ ਤੁਸੀਂ ਜ਼ਰੂਰ ਕਰਨਾ ਹੈ। ਮੈਂ ਕਿਹਾ ਕਾਮਰੇਡ ਜੀ ਗੱਲ ਤਾਂ ਦੱਸੋ। ਉਹ ਕਹਿਣ ਲੱਗੇ ਕਿ ਸਬਦੀਸ਼ ਦਾ ਅਨੀਤਾ ਨਾਲ ਵਿਆਹ ਕਰਨਾ ਹੈ ਮੈਂ। ਮੈਂ ਕਿਹਾ ਵਧੀਆ ਗੱਲ ਹੈ, ਮੈਂ ਤਾਂ ਪਿਆਰ ਵਿਆਹ ਦੇ ਬਿਲਕੁਲ ਹੱਕ ਵਿਚ ਹਾਂ। ਉਹ ਕਹਿਣ ਲੱਗੇ ਪਰ ਇਕ ਅੜਿੱਕਾ ਹੈ, ਜਿਹੜਾ ਤੁਸੀਂ ਕੱਢ ਸਕਦੇ ਹੋ। ਗੱਲ ਇਹ ਹੈ ਕਿ ਅਨੀਤਾ ਨਾਲ ਮੈਂ ਵਾਅਦਾ ਕੀਤਾ ਹੈ ਕਿ ਸਬਦੀਸ਼ ਨੂੰ ਪਹਿਲਾਂ ਚੰਡੀਗੜ੍ਹ ਲਿਆਵਾਂਗਾ। ਤੁਸੀਂ ਉਸ ਨੂੰ ਦੇਸ਼ ਸੇਵਕ ਵਿਚ ਲਿਆਉ। ਮੈਂ ਉਨ੍ਹਾਂ ਨੂੰ ਕਿਹਾ ਕਿ ਕਾਮਰੇਡ ਇਹ ਬਹੁਤ ਮੁਸ਼ਕਲ ਹੈ, ਕਿਉਂਕਿ ਅਜੇ ਕੁਝ ਦਿਨ ਪਹਿਲਾਂ ਹੀ ਅਸੀਂ ਦਰਦੀ (ਸਬਦੀਸ਼) ਬਾਰੇ ਇਕ ਫੈਸਲਾ ਕਰਕੇ ਹਟੇ ਹਾਂ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਮੈਨੂੰ ਪੂਰਾ ਪਤਾ ਹੈ। ਉਹ ਆਪਣੀ ਗੱਲ ਉਪਰ ਅੜੇ ਰਹੇ, ਨਰੋਈਆਂ ਦਲੀਲਾਂ ਦਿੰਦੇ ਰਹੇ। ਮੈਥੋਂ ਇਹ ਵਾਅਦਾ ਲੈ ਕੇ ਉਠੇ ਕਿ ਮੈਂ ਆਪਣੇ ਸਹਿਯੋਗੀਆਂ ਨਾਲ ਸਲਾਹ ਕਰਾਂਗਾ ਅਤੇ ਉਨ੍ਹਾਂ ਨੂੰ ਮਨਾਵਾਂਗਾ ਕਿ ਅਸੀਂ ਫੈਸਲਾ ਬਦਲ ਕੇ ਦਰਦੀ ਨੂੰ ਦੇਸ਼ ਸੇਵਕ ਵਿਚ ਰੱਖ ਲਈਏ। ਖ਼ੈਰ ਮੈਂ ਆਪਣੇ ਸਹਿਯੋਗੀ ਸਾਥੀਆਂ ਨੂੰ ਮਨਾ ਲਿਆ।

ਕਾਮਰੇਡ ਗੁਰਸ਼ਰਨ ਸਿੰਘ ਹੋਰੀਂ ਹਫ਼ਤੇ ਕੁ ਬਾਅਦ ਫਿਰ ਆ ਗਏ। ਆਪਣੇ ਮਕਸਦ ਦੀ ਪੂਰਤੀ ਕਰਵਾ ਕੇ ਗਏ।

ਕਾਮਰੇਡ ਗੁਰਸ਼ਰਨ ਸਿੰਘ ਹੋਰੀਂ ਪੰਜਾਬ ਤੇ ਹਰਿਆਣਾ ਵਿਚ ਸੀਪੀਆਈ (ਐਮ) ਦੀਆਂ ਸਟੇਜਾਂ ਉਪਰ ਵੀ ਆਪਣੇ ਵਿਦਰੋਹੀ, ਇਨਕਲਾਬੀ, ਧਰਮ ਨਿਰਪੱਖ, ਵਿਗਿਆਨਕ, ਜਮਹੂਰੀ ਅਤੇ ਦੇਸ਼ ਭਗਤਕ ਨਾਟਕ ਪੇਸ਼ ਕਰਦੇ ਹੁੰਦੇ ਸਨ। ਅਪਰੈਲ 1995 ਵਿਚ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ 15ਵੀਂ ਕਾਂਗਰਸ ਦੇ ਉਦਘਾਟਨ ਸਮੇਂ ਤੇ ਵਿਚ-ਵਿਚਾਲੇ ਉਨ੍ਹਾਂ ਆਪਣੀ ਕਲਾ ਦੇ ਜੌਹਰ ਦਿਖਾਏ ਸਨ। ਉਹਨੀਂ ਦਿਨੀਂ ਉਹ ਕਈ ਦਿਨ ਚੀਮਾ ਭਵਨ ਵਿਚ ਰਿਹਰਸਲ ਵੀ ਕਰਦੇ ਰਹੇ। ਰਿਹਰਸਲ ਵੇਲੇ ਦੀ ਇਕ ਬਹੁਤ ਹੀ ਇਤਿਹਾਸਕ ਅਤੇ ਯਾਦਗਾਰੀ ਤਸਵੀਰ ਪੰਜਾਬੀ ਟ੍ਰਿਬਿਊਨ ਐਤਵਾਰ 4 ਸਤੰਬਰ 2011 ਵਿਚ ਡਾ. ਸਾਹਿਬ ਦੇ "ਇਹ ਸੂਰਜ ਕਦੇ ਅਸਤ ਨਹੀਂ ਹੋਵੇਗਾ" ਸਿਰਲੇਖ ਵਾਲੇ ਇਕ ਲੇਖ ਵਿਚ ਛਪੀ ਹੈ। ਡਾ. ਸਾਹਿਬ ਸਿੰਘ ਹੋਰਾਂ ਦਾ ਇਹ ਲੇਖ ਬਹੁਤ ਹੀ ਵਧੀਆ ਤੇ ਪ੍ਰਸੰਸਾਯੋਗ ਹੈ। ਕਾਮਰੇਡ ਗੁਰਸ਼ਰਨ ਸਿੰਘ ਹੋਰਾਂ ਦੇ ਜੀਵਨ ਮਕਸਦ ਲਈ ਉਨ੍ਹਾਂ ਦੇ ਅਣਥੱਕ ਉਦਮ ਤੇ ਹਠ ਨੂੰ ਪ੍ਰਗਟਾਉਂਦੀਆਂ ਕੁਝ ਟੂਕਾਂ ਮੈਂ ਇਥੇ ਦੇਣਾ ਠੀਕ ਸਮਝਦਾ ਹਾਂ।

"ਭਾਜੀ ਦਾ ਨਾਟਕ, ਲੈਕਚਰ, ਦਰਦੇ ਦਿਲ ਜਾਰੀ ਹੈ...ਦਰਸ਼ਕ-ਸਰੋਤੇ ਮੰਤਰ ਮੁਗਧ ਹੋਏ ਬੈਠੇ ਹਨ...ਵਾਰ-ਵਾਰ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਉੱਚੇ ਹੋ ਰਹੇ ਹਨ। ਮੈਂ ਸਾਥੀ ਕਲਾਕਾਰ ਦੇ ਹੁੱਝ ਮਾਰਦਾ ਹਾਂ, 'ਭਾਅ ਜੀ ਨੇ ਨਾਟਕ ਦਾ ਗ੍ਰਾਫ਼ ਬਹੁਤ ਉੱਚਾ ਚੁੱਕ ਦਿੱਤਾ ਹੈ। ਆਪਾਂ ਨੂੰ ਜਾਨ ਲਾਉਣੀ ਪਵੇਗੀ ਉਸ ਨੂੰ ਬਰਕਰਾਰ ਰੱਖਣ ਲਈ' ਅੱਖਾਂ ਈ ਅੱਖਾਂ 'ਚ ਅਹਿਦ ਹੋ ਗਿਆ। ਭਾਅ ਜੀ ਗੁਰਸ਼ਰਨ ਸਿੰਘ ਦੇ ਚੇਲਿਆਂ ਵੱਲੋਂ...ਚਿਹਰੇ ਮਘਣ ਲੱਗ ਪਏ...ਮੁੱਠੀਆਂ ਤਣ ਗਈਆਂ...ਸਟੇਜ ਤੋਂ ਭਾਅ ਜੀ ਦੀ ਲਲਕਾਰ ਗੂੰਜੀ "ਤੇ ਆ ਰਿਹਾ ਹੈ ਸ਼ਹੀਦ ਭਗਤ ਸਿੰਘ"...ਮੈਂ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਮਾਰਦਾ ਸਟੇਜ 'ਤੇ ਚੜ੍ਹ ਰਿਹਾ ਹਾਂ...ਸੌ ਗੁਣਾਂ ਜੋਸ਼ ਨਾਲ ਨਾਅਰੇ ਦਾ ਜਵਾਬ ਆ ਰਿਹਾ ਹੈ...ਮੈਂ ਜੋਸ਼ ਨਾਲ ਕੰਬ ਉੱਠਦਾ ਹਾਂ...ਇਨਕਲਾਬ! ਪੰਡਾਲ ਅੰਬਰ ਗੂੰਜਣ ਲਾ ਦਿੰਦਾ ਹੈ-ਜ਼ਿੰਦਾਬਾਦ !! !! ਮੈਂ ਬੁੱਤ ਬਣ ਮੁੱਕਾ ਲਹਿਰਾ ਅਹਿੱਲ ਹੋ ਗਿਆ ਹਾਂ, ਭਾਜੀ ਸਟੇਜ ਦੀ ਨੁੱਕਰ 'ਤੇ ਹੀ ਖੜ੍ਹੇ ਹਨ, ਮੇਰੇ ਵੱਲ ਦੇਖ ਮੁਸਕਰਾ ਰਹੇ ਹਨ, ਉਨ੍ਹਾਂ ਦੇ ਹੱਥ 'ਚ ਫੜਿਆ ਬੇ-ਤਾਰ ਮਾਈਕ ਕੰਬ ਰਿਹਾ ਹੈ।"

"ਸਾਊਥਹਾਲ, ਇੰਗਲੈਂਡ...ਹਰਸੇਵ ਬੈਂਸ ਦਾ ਘਰ...ਕੈਨੇਡਾ, ਅਮਰੀਕਾ, ਇੰਗਲੈਂਡ ਦਾ ਸੌ ਦਿਨਾਂ ਦੌਰਾ ਆਖਰੀ ਪੜਾਅ 'ਤੇ ਹੈ...ਅਸੀਂ ਸਾਰੇ ਆਪੋ-ਆਪਣੇ ਸੂਟਕੇਸ ਪੈਕ ਕਰ ਰਹੇ ਹਾਂ...ਅਚਾਨਕ ਭਾਅ ਜੀ ਦੇ ਜ਼ੋਰ-ਜ਼ੋਰ ਨਾਲ ਬੋਲਣ ਦੀ ਆਵਾਜ਼ ਆਉਂਦੀ ਹੈ।...ਭਾਅ ਜੀ ਦੇ ਸਾਹਮਣੇ ਕਿੰਨੇ ਸਾਰੇ ਕਿਤਾਬਾਂ ਦੇ ਖਰੜੇ ਪਏ ਹਨ...ਤੇ ਭਾਬੀ ਦੇ ਹੱਥਾਂ 'ਚ ਸੂਟ...ਭਾਜੀ ਗੁੱਸੇ ਅਤੇ ਭਾਵੁਕਤਾ ਨਾਲ ਬੋਲਦੇ-ਬੋਲਦੇ ਸੋਫ਼ੇ ਦੇ ਕੋਨੇ ਤੱਕ ਆ ਖਿਸਕੇ ਹਨ, "ਏਅਅ ਖਰੜੇ ਮੇਰੇ ਲਈ ਜ਼ਿੰਦਗੀ ਮੌਤ ਦਾ ਸਵਾਲ ਨੇ...ਜ਼ਿੰਦਗੀ ਮੌਤ !...ਪਹਿਲਾਂ ਇਹ ਪੈਕ ਹੋਣਗੇ ਫਿਰ ਜਗ੍ਹਾ ਬਚੀ ਤਾਂ ਰੱਖਣਾ ਆਪਣੇ ਸੂਟ...ਗੁਰਸ਼ਰਨ ਸਿੰਘ ਦੀ ਜ਼ਿੰਦਗੀ ਦਾ ਮਕਸਦ ਨਹੀਂ ਪਤਾ

ਤੁਹਾਨੂੰ...।" ਭਾਬੀ ਚੁੱਪ ਹੋ ਗਈ, ਭਾਅ ਜੀ ਲਗਾਤਾਰ ਬੋਲ ਰਹੇ ਹਨ, ਕਿਤਾਬਾਂ ਸਾਹਿਤ, ਨਾਟਕ, ਲੋਕ, ਰਾਜਨੀਤੀ...ਉੱਚੀ ਉੱਚੀ...ਅਸੀਂ ਡਰ ਗਏ ਹਾਂ ਕਿ ਉਨ੍ਹਾਂ ਨੂੰ ਕੁਝ ਹੋ ਨਾ ਜਾਵੇ, ਮੇਜ਼ਬਾਨ ਬਹੁਤੇ ਘਬਰਾ ਗਏ ਹਨ...ਹੌਲੀ-ਹੌਲੀ ਸਭ ਸ਼ਾਂਤ ਹੋ ਜਾਂਦਾ ਹੈ। ਭਾਅ ਜੀ ਦੇ ਮਿਸ਼ਨ ਦੀ ਲਾਈਨ ਬੜੀ ਸਿੱਧੀ ਤੇ ਸਪੱਸ਼ਟ ਹੈ, ਉਹਦੇ 'ਚ ਵਿਘਨ ਨਹੀਂ ਪਾ ਸਕਦਾ ਕੋਈ ਵੀ। ਭਾਅ ਜੀ ਆਪਣੇ ਕੰਮ ਅਤੇ ਉਸ ਦੀ ਰੂਪ-ਰੇਖਾ ਪ੍ਰਤੀ ਬਹੁਤ ਸਪੱਸ਼ਟ ਹਨ, ਕੋਈ ਗੁੰਝਲ ਨਹੀਂ।"

"ਪ੍ਰੋਗਰਾਮ ਮੁੱਕਿਆ ਤਾਂ ਭਾਅ ਜੀ ਹੱਥ 'ਚ ਨਾਵਲ ਫੜੀ ਸਟੇਜ 'ਤੇ ਆਏ, "ਮੇਰੇ ਲੋਗੋ ਜੇ ਸਿਆਣੇ ਬਣਨਾ ਏ...ਆਲੇ-ਦੁਆਲੇ ਕੀ ਵਾਪਰ ਰਿਹੈ ਤੇ ਕਿਉਂ ਵਾਪਰ ਰਿਹੈ...ਉਹਨੂੰ ਸਮਝਣਾ ਏ ਤਾਂ ਸਾਹਿਤ ਨਾਲ ਜੁੜੋ। ਅਸੀਂ ਕਿਤਾਬਾਂ ਸਟੇਜ ਦੀ ਨੁੱਕਰੇ ਰੱਖ ਦਿੱਤੀਆਂ ਹਨ ਪੰਜ ਮਿੰਟਾਂ 'ਚ ਸਾਰੀਆਂ ਕਾਪੀਆਂ ਖਤਮ।"

ਕਾਮਰੇਡ ਗੁਰਸ਼ਰਨ ਸਿੰਘ ਜਿੱਥੇ ਆਪਣੇ ਮਕਸਦ ਲਈ ਅਣਥੱਕ ਉਦਮੀ ਅਤੇ ਹਠੀ ਸਨ, ਉਥੇ ਆਪਣੇ ਅਕੀਦਿਆਂ ਦੀ ਦ੍ਰਿੜਤਾ ਦੇ ਨਾਲ-ਨਾਲ ਤਰਕਸੰਗਤ ਵਿਚਾਰਾਂ ਤੇ ਢੁਕਵੀਆਂ ਦਲੀਲਾਂ ਲਈ ਵੀ ਆਪਣਾ ਮਨ ਖੁੱਲ੍ਹਾ ਰੱਖਦੇ ਸਨ।

ਸੀਪੀਆਈ (ਐਮ) ਦੀ ਜਲੰਧਰ ਜ਼ਿਲ੍ਹਾ ਕਮੇਟੀ ਵੱਲੋਂ ਸ਼ਹੀਦ ਗਗਨ ਤੇ ਸ਼ਹੀਦ ਸੁਰਜੀਤ ਹੋਰਨਾਂ ਦੀ ਇਕ ਬਰਸੀ ਉਪਰ ਕਾਮਰੇਡ ਗੁਰਸ਼ਰਨ ਸਿੰਘ ਹੋਰਾਂ ਦੇ ਨਾਟਕ ਕਰਵਾਏ ਗਏ ਸਨ। ਉਸ ਸ਼ਹੀਦੀ ਸਮਾਗਮ ਵਿਚ ਪਾਰਟੀ ਵੱਲੋਂ ਮੈਂ ਵੀ ਗਿਆ ਸੀ। 'ਕਾਂ ਤੇ ਚਿੜੀ' ਨਾਟਕ ਦੇਖਣ ਉਪਰੰਤ ਮੇਰੇ ਮਨ ਵਿਚ ਆਇਆ ਕਿ ਨਾਟਕ ਤਾਂ ਬਹੁਤ ਚੰਗਾ ਹੈ, ਲੋਕਾਂ ਨੂੰ ਜਾਗਰਤ ਕਰਦਾ ਹੈ, ਪਰ ਇਕ ਚਿੜੀ ਵੱਲੋਂ ਇਕੱਲਿਆਂ ਘੋਗੜ ਕਾਂ ਨੂੰ ਭਜਾਉਣਾ ਮਾਰਨਾ ਠੀਕ ਸੰਦੇਸ਼ ਨਹੀਂ, ਜਨਤਕ ਪ੍ਰਤੀਰੋਧ ਦੀ ਲਾਈਨ ਦੀ ਵਿਗਿਆਨਕ ਮਾਰਕਸਵਾਦੀ ਲੈਨਿਨਵਾਦੀ ਸੇਧ ਤੋਂ ਉਲਟ ਹੈ। ਮੈਂ ਆਪਣੇ ਸਾਥੀਆਂ ਨਾਲ ਇਹ ਵਿਚਾਰ ਸਾਂਝਾ ਕੀਤਾ, ਉਹ ਇਸ ਨਾਲ ਸਹਿਮਤ ਹੋਏ। ਮੈਂ ਸੋਚਿਆ ਕਾਮਰੇਡ ਗੁਰਸ਼ਰਨ ਸਿੰਘ ਹੋਰਾਂ ਨਾਲ ਇਸ ਬਾਰੇ ਗੱਲ ਕੀਤੀ ਜਾਵੇ। ਮੈਂ ਤੇ ਮਾਸਟਰ ਯੋਧ ਸਿੰਘ ਚੰਡੀਗੜ੍ਹ ਕਾਮਰੇਡ ਗੁਰਸ਼ਰਨ ਸਿੰਘ ਹੋਰਾਂ ਦੇ ਘਰ ਗਏ ਅਤੇ ਉਨ੍ਹਾਂ ਨਾਲ ਉਕਤ ਵਿਚਾਰ ਸਾਂਝਾ ਕੀਤਾ। ਕਾਮਰੇਡ ਗੁਰਸ਼ਰਨ ਸਿੰਘ ਸਾਡੇ ਨਾਲ ਸਹਿਮਤ ਹੋ ਗਏ ਅਤੇ ਕਹਿਣ ਲੱਗੇ ਠੀਕ ਹੈ ਸਾਨੂੰ ਜਨਤਕ ਪ੍ਰਤੀਰੋਧ ਦਾ, ਜਨਤਕ ਲਾਈਨ ਆਧਾਰਤ ਪ੍ਰਤੀਰੋਧ ਦਾ ਸੰਦੇਸ਼ ਦੇਣਾ ਵਧੇਰੇ ਠੀਕ ਹੋਵੇਗਾ।

ਕਾਮਰੇਡ ਗੁਰਸ਼ਰਨ ਸਿੰਘ ਹੋਰਾਂ ਦੇ ਮਕਸਦ ਲਈ ਅਣਥੱਕ ਉਦਮ ਅਤੇ ਹਠ ਦੇ ਮਿਸਾਲੀ ਗੁਣ ਨੂੰ ਮਨ ਵਿਚ ਵਸਾਉਂਦਾ ਹੋਇਆ, ਮੈਂ ਉਨ੍ਹਾਂ ਨੂੰ ਅਲਵਿਦਾ ਆਖਦਾ ਹਾਂ।